Punjabi

medicare



# ਰੇਨਾ ਦੀ ਕਹਾਣੀ

**ਉਮਰ:** 55-60 ਸਾਲ

**ਪੇਸ਼ਾ:** ਬਾਲ ਸੁਰੱਖਿਆ ਪ੍ਰਬੰਧਕ

**ਬੋਲੀਆਂ ਜਾਣ ਵਾਲੀਆਂ ਭਾਸ਼ਾਵਾਂ:** ਅੰਗਰੇਜ਼ੀ ਅਤੇ ਯੂਨਾਨੀ

**ਯੂਨਾਨੀ-ਆਸਟ੍ਰੇਲੀਆਈ ਰੇਨਾ ਲਈ, ਹਰ ਚੀਜ਼ ਦੇ ਵਿੱਚ ਪਰਿਵਾਰ ਉਸਦਾ ਦਿਲ ਹੈ।** ਇਹ ਦਿਲ ਉਦੋਂ ਪਰਖਿਆ ਗਿਆ ਜਦੋਂ ਉਸਦੇ ਪੁੱਤਰ, ਈਅਸਨ, ਨੂੰ ਗੁਰਦੇ ਅਤੇ ਅੱਖਾਂ ਦੀ ਇੱਕ ਦੁਰਲੱਭ ਬਿਮਾਰੀ ਹੋਣ ਬਾਰੇ ਪਤਾ ਲੱਗਿਆ।

ਥੋੜ੍ਹੀ ਦੇਰ ਬਾਅਦ, ਉਸਦੇ ਪਤੀ, ਜਾਰਜੀਓਸ, ਨੂੰ ਸਟੇਜ 4 ਮੈਟਾਸਟੈਟਿਕ (ਸ਼ਰੀਰ ਵਿਚ ਫੈਲਣ ਵਾਲੇ) ਪ੍ਰੋਸਟੇਟ ਕੈਂਸਰ ਹੋਣ ਦਾ ਪਤਾ ਲੱਗਿਆ।

ਰੇਨਾ ਕਹਿੰਦੀ ਹੈ, "ਇਹ ਸਭ ਪੂਰੀ ਤਰ੍ਹਾਂ ਇੱਕ ਸਦਮੇ ਵਾਂਗ ਸੀ"। "ਪਹਿਲਾਂ ਬਿਨਾਂ ਕਿਸੇ ਵੀ ਲੱਛਣਾਂ ਦੇ, ਅਸੀਂ ਅਚਾਨਕ ਸਿਹਤ ਪ੍ਰਣਾਲੀ ਵਿੱਚ ਡੁੱਬ ਗਏ। ਪਰ ਬਲਕ ਬਿਲਿੰਗ ਦੇ ਕਾਰਨ, ਸਾਡਾ ਅਨੁਭਵ ਵੱਖਰਾ ਸੀ।"

ਕਿਉਂਕਿ ਉਨ੍ਹਾਂ ਦੇ ਜੀ ਪੀ ਨੇ ਉਨ੍ਹਾਂ ਦੀਆਂ ਮੁਲਾਕਾਤਾਂ ਨੂੰ ਬਲਕ ਬਿੱਲ ਕੀਤਾ ਸੀ, ਰੇਨਾ ਦਾ ਪਰਿਵਾਰ ਕਰਜ਼ੇ ਦੀ ਬਜਾਏ ਆਪਣੀ ਸਿਹਤ 'ਤੇ ਧਿਆਨ ਕੇਂਦ੍ਰਿਤ ਕਰ ਸਕਦਾ ਸੀ। ਬਲਕ ਬਿਲਿੰਗ ਨੇ ਇਹ ਯਕੀਨੀ ਬਣਾਇਆ ਕਿ ਉਹ ਕਲੀਨਿਕ ਜਾਣ ਦੇ ਵਿੱਚ ਦੇਰੀ ਨਾ ਕਰਨ, ਜਿਸ ਨਾਲ ਸਮੇਂ ਸਿਰ ਦੇਖਭਾਲ ਸੰਭਵ ਹੋ ਸਕੇ, ਜੋ ਕਿ ਵਧੀਆਂ ਹੋਈਆਂ ਬਿਮਾਰੀਆਂ ਦੇ ਪ੍ਰਬੰਧਨ ਲਈ ਮਹੱਤਵਪੂਰਨ ਹੈ।



*"ਅਸੀਂ ਇੱਕ ਅਜਿਹੇ ਦੇਸ਼ ਵਿੱਚ ਰਹਿਣ ਲਈ ਬਹੁਤ ਧੰਨਵਾਦੀ ਹਾਂ ਜਿੱਥੇ ਕਿ ਸਿਰਫ਼ ਅਮੀਰ ਲੋਕ ਹੀ ਨਹੀਂ ਹਨ ਜੋ ਸਭ ਤੋਂ ਵਧੀਆ ਇਲਾਜ ਕਰਵਾ ਸਕਦੇ। ਬਿਮਾਰ ਜੀਆਂ ਵਾਲੇ ਪਰਿਵਾਰਾਂ ਵਿੱਚ ਕਾਫ਼ੀ ਤਣਾਅ ਹੁੰਦਾ ਹੈ; ਬਲਕ ਬਿੱਲ ਹੋਣ ਨਾਲ ਉਹ ਬੋਝ ਘੱਟ ਜਾਂਦਾ ਹੈ, ਜਿਸ ਨਾਲ ਅਸੀਂ ਮਾਇਨੇ ਰੱਖਦੀਆਂ ਚੀਜ਼ਾਂ 'ਤੇ ਧਿਆਨ ਕੇਂਦ੍ਰਿਤ ਕਰ ਸਕਦੇ ਹਾਂ, ਸਾਨੂੰ ਬਿਹਤਰ ਹੋਣ ਵਿੱਚ ਮਦਦ ਮਿਲਦੀ ਹੈ।"*

**- ਰੇਨਾ**

ਹੋਰ ਜਾਣਕਾਰੀ ਲਈ ਇਸ QR ਕੋਡ ਨੂੰ ਸਕੈਨ ਕਰੋ

ਆਪਣੇ ਨੇੜੇ ਇੱਕ ਬਲਕ ਬਿਲਿੰਗ ਡਾਕਟਰ ਲੱਭਣ ਲਈ **health.gov.au/bulkbilling** 'ਤੇ ਜਾਓ।

Australian Government
Department of Health, Disability and Ageing